**Exam. Code : 103201**

**Subject Code : 1011**

**B.A./B.Sc. Semester—I**

**PUNJABI ELECTIVE**

Time Allowed—3 Hours] [Maximum Marks—100

**ਨੋਟ** :— ਸਾਰੇ ਪ੍ਰਸ਼ਨ ਜ਼ਰੂਰੀ ਹਨ।

1. ਕਿਸੇ **ਦੋ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਪਿਆਰ ਨਾਲ ਇਹ ਕਰਨ ਗੁਲਾਮੀ
ਜਾਨ ਕੋਹ ਆਪਣੀ ਵਾਰ ਦਿੰਦੇ
ਪਰ ਟੈਂ ਨ ਮੰਨਣ ਕਿਸੇ ਦੀ
ਖਲੋ ਜਾਣ ਡਾਂਗਾਂ ਮੋਢੇ 'ਤੇ ਉਲਾਰ ਦੇ।

(ਅ) ਹੇ! ਅਜੇ ਸੰਭਾਲ ਇਸ ਸਮੇਂ ਨੂੰ
ਕਰ ਸਫ਼ਲ ਉਡੰਦਾ ਜਾਂਵਦਾ
ਇਹ ਠਹਿਰਨ ਜਾਚ ਨ ਜਾਣਦਾ
ਲੰਘ ਗਿਆ ਨਾ ਮੁੜਕੇ ਆਂਵਦਾ।

(ੲ) ਏਦਾਂ ਮਜ਼ਦੂਰਾਂ ਦੀ ਝਾਕੀ
ਜਦ ਮੈਨੂੰ ਦਿਸ ਆਈ
ਨਾਲ ਪੀੜ ਦੇ ਕਲਵਲ ਹੋ ਕੇ
ਰੂਹ ਮੇਰੀ ਕੁਰਲਾਈ।





(ਸ) ਜੇ ਕਲਾ ਦੇ ਰਾਹ ਦੀ ਲੱਅ ਬਣ ਜਾਏ ਉਹ
ਮੇਰਾ ਮਨ ਕਿਉਂ ਠੋਕਰਾਂ ਖਾਇਆ ਕਰੇ। 10+10=20

2. ਕਿਸੇ **ਇਕ** ਕਵਿਤਾ ਦੇ ਵਿਸ਼ੇ-ਵਸਤੂ ਤੇ ਨੋਟ ਲਿਖੋ :

(ੳ) ਅੰਨ ਦਾਤਾ

(ਅ) ਉਦੋਂ ਵਾਰਿਸ ਸ਼ਾਹ ਨੂੰ ਵੰਡਿਆ ਸੀ। 10

3. ਢੁੱਕਵੇਂ ਉੱਤਰ ਦਿਉ :

(I) ਕਿਹੜਾ ਕਵੀ ਗ਼ਜ਼ਲਕਾਰ ਵੀ ਹੈ ?

(ੳ) ਪੂਰਨ ਸਿੰਘ (ਅ) ਅਮ੍ਰਿਤਾ ਪ੍ਰੀਤਮ

(ੲ) ਪਾਸ਼ (ਸ) ਜਗਤਾਰ

(II) "ਸਮਾਂ" ਕਵਿਤਾ ਦਾ ਲੇਖਕ ਹੈ :

(ੳ) ਪਾਸ਼ (ਅ) ਸੁਰਜੀਤ ਪਾਤਰ

(ੲ) ਭਾਈ ਵੀਰ ਸਿੰਘ (ਸ) ਮੋਹਨ ਸਿੰਘ

(III) 'ਬਿਰਹਾ ਦਾ ਸੁਲਤਾਨ' ਹੈ :

(ੳ) ਮੋਹਨ ਸਿੰਘ (ਅ) ਜਗਤਾਰ

(ੲ) ਸੁਰਜੀਤ ਪਾਤਰ (ਸ) ਸ਼ਿਵ ਕੁਮਾਰ

(IV) ਚੁੰਮੋ ਨੀ ਇਹਦੇ ਹੱਥ ਚੰਬੇ ਦੀਆਂ ਕਲੀਆਂ
ਧੋਵੋ ਨੀ ਏਹਦੇ ਪੈਰ ਮੱਖਣ ਦੇ ਪੇੜੇ।
ਵਿੱਚ ਕਿਸ ਅਲੰਕਾਰ ਦੀ ਵਰਤੋਂ ਹੋਈ ਹੈ ?

(ੳ) ਉਪਮਾ (ਅ) ਰੂਪਕ

(ੲ) ਅਤਿਕਥਨੀ (ਸ) ਅਨੁਪ੍ਰਾਸ

http://www.gnduonline.com

(V) 'ਅੰਨ ਦਾਤਾ' ਵਿੱਚ ਕਾਵਿ-ਮੈਂ ਕਿਸ ਨੂੰ ਸੰਬੋਧਿਤ ਹੈ :

(ੳ) ਪਿਤਾ ਨੂੰ (ਅ) ਪੁਤਰ ਨੂੰ

(ੲ) ਪਤੀ ਨੂੰ (ਸ) ਪ੍ਰੇਮੀ ਨੂੰ 5×2=10

4. **ਪਵਿਤ੍ਰ ਪਾਪੀ** ਨਾਵਲ ਦੇ ਵਿਸ਼ਾ-ਵਸਤੂ ਬਾਰੇ ਵਿਚਾਰ ਕਰੋ।

**ਜਾਂ**

**ਪਵਿਤਰ ਪਾਪੀ** ਨਾਵਲ ਦੇ ਪਾਤਰ ਕਿਦਾਰ ਦਾ ਚਰਿਤਰ ਚਿਤਰਨ ਕਰੋ। 20

5. ਕਿਸੇ **ਇਕ** ਇਕਾਂਗੀ ਦੇ ਵਿਸ਼ਾ-ਵਸਤੂ ਜਾਂ ਇਕਾਂਗੀ ਕਲਾ ਬਾਰੇ ਵਿਚਾਰ ਕਰੋ :

(ੳ) ਅੱਖ ਅੱਗੇ ਕੱਖ

(ਅ) ਕੁੱਤਾ ਤੇ ਮਨੁੱਖ। 20

6. ਆਪਣੇ ਪਾਠ-ਕ੍ਰਮ ਵਿਚ ਲੱਗੇ ਨਾਵਲ ਅਤੇ ਇਕਾਂਗੀ ਸੰਗ੍ਰਹਿ ਦੇ ਆਧਾਰ ਤੇ ਸੰਖੇਪ ਉੱਤਰ ਦਿਉ :

(i) ਦਫ਼ਤਰ ਦੇ ਸਾਰੇ ਬੰਦੇ ਰਾਮ ਪ੍ਰਸ਼ਾਦ ਦੇ ਹੱਕ ਵਿੱਚ ਕਿਉਂ ਹਨ ?

(ii) 'ਕੁੱਤਾ' ਅਤੇ 'ਮਨੁੱਖ' ਵਿੱਚ ਕੀ ਸਾਂਝ ਸਥਾਪਿਤ ਕੀਤੀ ਗਈ ਹੈ ?

(iii) ਅਜਮੇਰ ਔਲਖ ਦੀ ਭਾਸ਼ਾ ਕਿਸ ਪ੍ਰਕਾਰ ਦੀ ਹੈ ?

(iv) 'ਅੱਖ ਅਗੇ ਕੱਖ' ਇਕਾਂਗੀ ਦੀ ਸਫਲਤਾ ਦੇ ਕਿਹੜੇ ਪਹਿਲੂ ਹਨ ?



http://www.gnduonline.com

http://www.gnduonline.com

(v) ਸ਼ੇਰੂ ਦਾ ਅੰਬੋ ਨਾਲ ਕੀ ਰਿਸ਼ਤਾ ਹੈ ?

(vi) ਵੀਣਾ ਅਤੇ ਕਿਦਾਰ ਦਾ ਪਿਆਰ ਕਿਉਂ ਅਸਫ਼ਲ ਹੁੰਦਾ ਹੈ ?

(vii) **ਪਵਿਤਰ ਪਾਪੀ** ਨਾਵਲ ਦਾ ਸਿਰਲੇਖ ਸਪਸ਼ਟ ਕਰੋ।

(viii) ਪਵਿਤਰ ਪਾਪੀ ਨਾਵਲ ਦੇ ਪਾਤਰ ਕਿਦਾਰ ਨੂੰ ਮਿਸਟਰ ਕਮਾਲ ਕਿਉਂ ਕਿਹਾ ਗਿਆ ?

(ix) ਕਿਦਾਰ ਕਿਸ ਕਿੱਤੇ ਨਾਲ ਸੰਬੰਧਿਤ ਹੈ ?

(x) **ਪਵਿਤਰ ਪਾਪੀ** ਨਾਵਲ ਦੇ ਕੋਈ ਚਾਰ ਪਾਤਰਾਂ ਦੇ ਨਾਮ ਲਿਖੋ। 10×2=20



http://www.gnduonline.com